# 17 ਸੁੰਦਰ ਪ੍ਰਭੂ ਦੀ ਗਲੀ :

ਦੇਵਗੰਧਾਰੀ ॥

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥

ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥੧॥ ਰਹਾਉ ॥

ਗੁਰੂ ਰਾਮਦਾਸ ਸਾਹਿਬ ਦੇਵਗੰਧਾਰੀ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ :
ਹੇ ਸਖੀ ਸਹੇਲੀ! ਮੈਨੂੰ ਦਸੋ ਕਿ ਮੇਰੇ ਪਿਆਰਾ ਪ੍ਰੀਤਮ ਗੁਰੂ ਕਿਹੜੀ ਗਲੀ ਜਾਂ ਮੁਹੱਲੇ ਵਿਚ ਮਿਲੇਗਾ? ਫ਼ਿਰ ਵਾਹਿਗੁਰੂ ਦੇ ਸੰਤੋ ਮੈਨੂੰ ਜ਼ਿੰਦਗੀ ਦਾ ਮਾਰਗ ਦਸੋ, ਮੈਂ ਤੁਹਾਡੇ ਪਿਛੇ ਪਿਛੇ ਚਲਦੀ ਰਹਾਂਗੀ ਭਾਵ ਜੋ ਵੀ ਤੁਸੀਂ ਕਹੋ, ਕਰਦੀ ਚਲਾਂ !੧।ਰਹਾਉ।
ਪਰ ਹੁਣ ਤਾਂ ਸਭ ਇਹ ਚਾਹੁੰਦੇ ਹਨ ਕਿ ਸੰਤ ਮਿਲਣ ਤਾਂ ਉਹ ਸਾਡੇ ਅਨੁਸਾਰ ਚਲਣ, ਕਿਉਂਕਿ ਅਸੀਂ ਆਪੇ ਪੈਦਾ ਕੀਤੀਆਂ ਅਨੇਕ ਦੁਨਿਆਵੀ ਮਜਬੂਰੀਆਂ ਦੇ ਸ਼ਿਕੰਜੇ ਵਿਚ ਆਪਣੇ ਆਪ ਨੂੰ ਜਕੜ ਰਖਿਆ ਹੈ।

ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ ॥

ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ ॥੧॥

ਪਰ ਚੌਥੇ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਚਾਹੀਦਾ ਇਹ ਹੈ ਕਿ ਮੇਰੇ ਆਪਣੇ ਗੁਰੂ ਦੇ ਪਿਛੇ ਪਿਛੇ ਚਲਣ ਨਾਲ ਜ਼ਿੰਦਗੀ ਦੀ ਤੋਰ ਚੰਗੀ ਬਣ ਗਈ ਹੈ ਕਿਉਂਕਿ ਮੈਨੂੰ ਆਪਣੇ ਪ੍ਰਿਯ ਗੁਰੂ ਦੇ ਬੋਲ ਸੁਖੈਨ ਲਗਣ ਲਗ ਪਏ ਹਨ।
ਮੈ ਤਾਂ ਲੁਟਰ, ਭਾਵ ਜਿਧਰ ਮੂੰਹ ਆਇਆ, ਮੂੰਹ ਚੁਕ ਕੇ ਉਧਰ ਹੀ ਤੁਰ ਪੈਣ ਵਾਲੀ ਸੀ ਅਤੇ ਬਿਲਕੁਲ ਵੀ ਸੋਹਣੀ ਨਹੀਂ, ਕੋਈ ਗੁਣ ਨਹੀਂ, ਪਰ ਆਪਣੇ ਗੁਰੂ ਨੂੰ ਪਤਾ ਨਹੀਂ ਕਿਵੇਂ ਭਾਅ ਗਈ। ਉਹ ਸੁੰਦਰ ਪਿਆਰਾ, ਸਾਰੇ ਗੁਣਾਂ ਵਾਲਾ  ਗੁਰੂ, ਮੇਰਾ ਢੋਲ, ਮੈਨੂੰ ਪਤਾ ਨਹੀਂ ਕਿਵੇਂ, ਭਾਵ ਕਿਹੜੇ ਕਰਮਾਂ ਕਰਕੇ ਮਿਲ ਪਿਆ।੧।
ਢੋਲ, ਪਿਆਰੇ ਪਤੀ ਨੂੰ ਕਹਿੰਦੇ ਹਨ।

## ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ ॥

## ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥

ਗੁਰੂ ਨੂੰ ਮਿਲਣ ਤੇ ਪ੍ਰੇਮ ਕਰਣ ਵਾਲੀ ਮੈਂ ਇਕੱਲੀ ਸਖੀ ਨਹੀਂ, ਹੋਰ ਵੀ ਅਨੇਕਾਂ ਹਨ ਪਰ ਜੋ ਉਸ ਪਿਰ ਪਤੀ ਨੂੰ ਭਾਅ ਜਾਏ ਉਹੀ ਭਲੀ ਹੈ।
ਚੌਥੇ ਨਾਨਕ ਦਾ ਫੁਰਮਾਣ ਹੈ ਕਿ ਸਖੀ ਵਿਚਾਰੀ ਗਰੀਬ ਕੀ ਕਰ ਸਕਦੀ ਹੈ ਜਿਵੇਂ ਉਸਨੂੰ ਭਾਵੇ ਉਹੀ ਉਸਦੇ ਰਾਹ ਤੇ ਚਲਦੀ ਹੈ।੨।੨।
ਸਖੀ ਤੋਂ ਭਾਵ ਹਰ ਸੰਗਤ ਕਰਨ ਵਾਲੇ ਨਾਲ ਹੈ। ਪਿਰ, ਗੁਰੂ ਸਾਧੂ ਪਤੀ ਹੈ।

Last modified: 2 Mar 2020